WORKSAFE BC | ਮੀਡੀਆ ਲਈ ਜਾਣਕਾਰੀ ਬੁਲੇਟਿਨ

# ਸੇਫਟੀ ਲਈ ਟੋਪ ਬਾਰੇ ਵਰਕਸੇਫ ਬੀ ਸੀ ਦੇ ਨਵੇਂ ਨਿਯਮ 1 ਸਤੰਬਰ ਤੋਂ ਲਾਗੂ ਹੋ ਗਏ ਹਨ

*ਉੱਥੇ ਸੇਫਟੀ ਲਈ ਟੋਪ ਦੀ ਲੋੜ ਹੈ ਜਿੱਥੇ ਸਿਰ ਵਿਚ ਸੱਟ ਲੱਗਣ ਦੇ ਖਤਰੇ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਜਾਂ ਵੱਧ ਤੋਂ ਵੱਧ ਸੰਭਵ ਪੱਧਰ `ਤੇ ਘੱਟ ਨਹੀਂ ਕੀਤਾ ਜਾ ਸਕਦਾ। ਸਿਰ ਵਿਚ ਸੱਟ ਲੱਗਣ ਦੇ ਖਤਰਿਆਂ ਨੂੰ ਖਤਮ ਕਰਨਾ ਸਿਰ ਦੀ ਰੱਖਿਆ ਦੀ ਲੋੜ ਨੂੰ ਹਟਾਉਂਦਾ ਹੈ।*

**ਰਿਚਮੰਡ, ਬੀ.ਸੀ. (1 ਸਤੰਬਰ, 2021)** – ਵਰਕਸੇਫ ਬੀ ਸੀ ਕੰਮ-ਮਾਲਕਾਂ ਨੂੰ ਇਹ ਯਾਦ ਕਰਵਾ ਰਹੀ ਹੈ ਕਿ ਸੇਫਟੀ ਟੋਪ ਲਈ ਸਿਹਤ ਅਤੇ ਸੇਫਟੀ ਦੀਆਂ ਨਵੀਆਂ ਸ਼ਰਤਾਂ 1 ਸਤੰਬਰ, 2021 ਤੋਂ ਲਾਗੂ ਹੋ ਗਈਆਂ ਹਨ।

ਵਰਕਸੇਫ ਬੀ ਸੀ ਦੇ ਬੋਰਡ ਦੇ ਡਾਇਰੈਕਟਰਾਂ ਨੇ ਇਸ ਸਾਲ ਅਪਰੈਲ ਵਿਚ ਸੇਫਟੀ ਲਈ ਟੋਪ ਦੇ ਸੰਬੰਧ ਵਿਚ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ (ਓ ਐੱਚ ਐੱਸ ਆਰ) ਦੇ ਹਿੱਸਾ 8 ਵਿਚ ਤਬਦੀਲੀਆਂ ਨੂੰ ਪ੍ਰਵਾਨਗੀ ਦਿੱਤੀ ਸੀ। ਓ ਐੱਚ ਐੱਸ ਆਰ ਵਿਚ ਤਬਦੀਲੀ, ਵਰਕਸੇਫ ਬੀ ਸੀ ਵਲੋਂ ਪਬਲਿਕ ਅਤੇ ਹਿੱਤ ਰੱਖਣ ਵਾਲੀਆਂ ਧਿਰਾਂ ਨਾਲ ਵੱਡੇ ਪੱਧਰ `ਤੇ ਸਲਾਹ-ਮਸ਼ਵਰੇ ਤੋਂ ਬਾਅਦ ਕੀਤੀ ਗਈ ਹੈ।

ਸੋਧੇ ਗਏ ਨਿਯਮ ਦਾ ਮਤਲਬ ਹੈ ਕਿ ਕਿਸੇ ਵਰਕਰ ਵਲੋਂ ਸਿਰ ਵਿਚ ਸੱਟ ਲੱਗਣ ਦੇ ਖਤਰੇ ਵਾਲੇ ਏਰੀਏ ਵਿਚ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਕੰਮ-ਮਾਲਕ ਲਈ ਵਰਕਰ ਨੂੰ ਸੇਫਟੀ ਲਈ ਟੋਪ ਪਾਉਣ ਲਈ ਕਹਿਣ ਤੋਂ ਪਹਿਲਾਂ ਸਿਰ ਦੀ ਸੱਟ ਦੇ ਖਤਰੇ ਨੂੰ ਖਤਮ ਕਰਨ ਜਾਂ ਘੱਟ ਤੋਂ ਘੱਟ ਕਰਨ ਲਈ ਉਪਾ ਕਰਨਾ ਜ਼ਰੂਰੀ ਹੈ। ਕੰਮ-ਮਾਲਕਾਂ ਨੂੰ ਪੁਰਜ਼ੋਰ ਉਤਸ਼ਾਹ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਕੰਮ ਦੀਆਂ ਥਾਂਵਾਂ `ਤੇ ਖਤਰਿਆਂ ਦਾ ਅਨੁਮਾਨ ਲਾਉਣ ਵਿਚ ਵਰਕਰਾਂ ਨੂੰ ਸ਼ਾਮਲ ਕਰਨ।

ਇਸ ਤਬਦੀਲੀ ਦਾ ਮਕਸਦ, ਕੰਮ-ਮਾਲਕਾਂ ਤੋਂ ਕੰਟਰੋਲਾਂ ਦੇ ਸਿਸਟਮ ਦੀ ਪਾਲਣਾ ਕਰਨ ਦੀ ਮੰਗ ਕਰਕੇ ਕੰਮ ਦੀ ਥਾਂ `ਤੇ ਸਿਹਤ ਅਤੇ ਸੇਫਟੀ ਵਿਚ ਸੁਧਾਰ ਕਰਨਾ ਹੈ, ਜੋ ਕਿ ਖਤਰਿਆਂ ਨੂੰ ਖਤਮ ਕਰਨ ਜਾਂ ਘਟਾਉਣ ਲਈ ਇਕ ਕਦਮ-ਦਰ-ਕਦਮ ਪਹੁੰਚ ਹੈ।

ਕੰਟਰੋਲਾਂ ਦਾ ਸਿਸਟਮ, ਖਤਰਿਆਂ ਨੂੰ ਕੰਟਰੋਲ ਕਰਨ ਦੀ ਦਰਜਾਬੰਦੀ ਸੁਰੱਖਿਆ ਦੇ ਸਭ ਤੋਂ ਉਪਰਲੇ ਪੱਧਰ ਤੋਂ ਹੇਠਲੇ ਪੱਧਰ ਵੱਲ ਨੂੰ ਕਰਦਾ ਹੈ। ਸਿਸਟਮ ਵਿਚ, ਵਰਕਰਾਂ ਦੀ ਉਦੋਂ ਸਿਰ ਦੀਆਂ ਸੱਟਾਂ ਤੋਂ ਬਿਹਤਰ ਰੱਖਿਆ ਹੁੰਦੀ ਹੈ ਜਦੋਂ ਡਿਗਦੀਆਂ, ਉਡਦੀਆਂ ਜਾਂ ਸੁੱਟੀਆਂ ਜਾ ਰਹੀਆਂ ਚੀਜ਼ਾਂ ਤੋਂ ਖਤਰਿਆਂ ਨੂੰ ਖਤਮ ਕੀਤਾ ਜਾਂਦਾ ਹੈ, ਜਾਂ ਵੱਧ ਤੋਂ ਵੱਧ ਸੰਭਵ ਸਭ ਤੋਂ ਘੱਟ ਪੱਧਰ `ਤੇ ਲਿਆਇਆ ਜਾਂਦਾ ਹੈ। ਨਿੱਜੀ ਹਿਫਾਜ਼ਤ ਦਾ ਸਾਜ਼-ਸਾਮਾਨ ਜਿਵੇਂ ਸੇਫਟੀ ਟੋਪ, ਸਿਸਟਮ ਵਿਚ ਸਭ ਤੋਂ ਹੇਠਲੇ ਪੱਧਰ ਦੀ ਸੁਰੱਖਿਆ ਪ੍ਰਦਾਨ ਕਰਦਾ ਹੈ।

ਸੇਫਟੀ ਟੋਪ ਦੀ ਉਦੋਂ ਲੋੜ ਹੈ ਜਦੋਂ ਸਿਰ ਨੂੰ ਸੱਟ ਦਾ ਖਤਰਾ ਖਤਮ ਨਾ ਕੀਤਾ ਜਾ ਸਕਦਾ ਹੋਵੇ ਜਾਂ ਵੱਧ ਤੋਂ ਵੱਧ ਸੰਭਵ ਸਭ ਤੋਂ ਘੱਟ ਪੱਧਰ `ਤੇ ਨਾ ਕੀਤਾ ਜਾ ਸਕਦਾ ਹੋਵੇ। ਸਿਰ ਵਿਚ ਸੱਟ ਲੱਗਣ ਦੇ ਖਤਰਿਆਂ ਨੂੰ ਖਤਮ ਕਰਨਾ, ਸਿਰ ਦੀ ਰੱਖਿਆ ਲਈ ਲੋੜ ਨੂੰ ਹਟਾਉਂਦਾ ਹੈ।

ਇਸ ਤਬਦੀਲੀ ਤੋਂ ਪਹਿਲਾਂ, ਸਿੱਖ ਭਾਈਚਾਰੇ ਨੇ ਇਹ ਫਿਕਰ ਜ਼ਾਹਰ ਕੀਤੇ ਸਨ ਕਿ ਕੰਮ-ਮਾਲਕ ਸਾਰਿਆਂ ਲਈ ਸੇਫਟੀ ਟੋਪ ਦੀ ਸ਼ਰਤ ਲਾਗੂ ਕਰ ਰਹੇ ਸਨ, ਜਿਸ ਦਾ ਨਤੀਜਾ ਪੱਗ ਬੰਨ੍ਹਣ ਵਾਲੇ ਸਿੱਖ ਵਰਕਰਾਂ ਦਾ ਕੰਮਾਂ ਵਿਚ ਪੂਰੀ ਤਰ੍ਹਾਂ ਹਿੱਸਾ ਨਾ ਲੈਣ ਵਿਚ ਨਿਕਲਦਾ ਸੀ। ਸਾਲ 2019 ਵਿਚ, ਮਨਿਸਟਰੀ ਔਫ ਲੇਬਰ ਨੇ ਵਰਕਸੇਫ ਬੀ ਸੀ ਨੂੰ ਕਿਹਾ ਕਿ ਉਹ ਪੱਗ ਬੰਨ੍ਹਣ ਵਾਲੇ ਸਿੱਖਾਂ ਦੀ ਸਿਹਤ ਅਤੇ ਸੇਫਟੀ ਦੀ ਰੱਖਿਆ ਕਰਨ ਲਈ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਵਿਚ ਸੋਧ ਕਰਨ ਬਾਰੇ ਵਿਚਾਰ ਕਰੇ, ਅਤੇ ਇਹ ਅਜਿਹੇ ਉਪਾ ਕਰਦੇ ਹੋਏ ਕੀਤਾ ਜਾਵੇ ਜਿੱਥੇ ਸਿਰ ਦੀ ਸੱਟ ਦਾ ਖਤਰਾ ਨਾ ਹੋਵੇ।

ਨਵੇਂ ਨਿਯਮ (ਰੈਗੂਲੇਸ਼ਨ) ਬਾਰੇ ਕੰਮ-ਮਾਲਕਾਂ ਦੀ ਮਦਦ ਕਰਨ ਲਈ, ਵਰਕਸੇਫ ਬੀ ਸੀ ਨੇ ਓ ਐੱਚ ਐੱਸ ਗਾਈਡਲਾਈਨ ਦਾ ਡਰਾਫਟ ਤਿਆਰ ਕੀਤਾ ਹੈ ਜਿਹੜਾ ਕੰਮ-ਮਾਲਕਾਂ ਨੂੰ ਕੰਟਰੋਲਾਂ ਦੇ ਸਿਸਟਮ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਸਿਰ ਵਿਚ ਸੱਟ ਲੱਗਣ ਦੇ ਖਤਰੇ ਨੂੰ ਘੱਟ ਤੋਂ ਘੱਟ ਕਰਨ ਲਈ ਇੰਜਨੀਅਰਿੰਗ ਅਤੇ ਪ੍ਰਬੰਧਕੀ ਕੰਟਰੋਲਾਂ ਦੀਆਂ ਖਾਸ ਉਦਾਹਰਣਾਂ ਦਿੰਦਾ ਹੈ। ਇਹ ਗਾਈਡਲਾਈਨ ਹਿੱਤ ਰੱਖਣ ਵਾਲੀਆਂ ਸਾਰੀਆਂ ਧਿਰਾਂ ਨੂੰ ਆਪਣੇ ਵਿਚਾਰ ਦੇਣ ਲਈ 60 ਦਿਨਾਂ ਦਾ ਸਮਾਂ ਦੇਵੇਗੀ।

ਵਰਕਸੇਫ ਬੀ ਸੀ ਦੀ ਪ੍ਰੀਵੈਨਸ਼ਨ ਸਰਵਿਸਿਜ਼ ਟੀਮ, ਸੋਧੀ ਰੈਗੂਲੇਸ਼ਨ ਅਤੇ ਓ ਐੱਚ ਐੱਸ ਗਾਈਡਲਾਈਨ ਬਾਰੇ ਜਾਣਕਾਰੀ ਦੇਣ ਅਤੇ ਸਿਖਿਅਤ ਕਰਨ ਲਈ ਕੰਮ-ਮਾਲਕਾਂ ਅਤੇ ਇੰਡਸਟਰੀ ਨਾਲ ਸੰਪਰਕ ਕਰੇਗੀ।

ਵਰਕਰ ਜਾਂ ਕੰਮ-ਮਾਲਕ ਆਪਣੇ ਸਵਾਲ ਪੁੱਛਣ ਲਈ ਵਰਕਸੇਫ ਬੀ ਸੀ ਦੀ ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ ਨਾਲ 1-888-621-7233 `ਤੇ ਮੁਫਤ ਸੰਪਰਕ ਕਰ ਸਕਦੇ ਹਨ।

-30-

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.3 ਮਿਲੀਅਨ ਵਰਕਰਾਂ ਅਤੇ 255,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ

ਈਮੇਲ: media@worksafebc.com

ਟੈਲੀਫੋਨ: 604-276-5157